Ontario Energy Board
Commission de l'énergie de l'Ontario

TAKE CHARGE

# ਬਿਜਲੀ ਦੇ ਜਾਣਕਾਰ ਖਪਤਕਾਰ ਬਣੋ

## ਅਸੀਂ ਮਦਦ ਕਰ ਸਕਦੇ ਹਾਂ

ਜਾਣਕਾਰ ਹੋਣਾ, ਉਹ ਨਿਰਣੈ ਕਰਨ ਵਿੱਚ ਮਦਦ ਕਰਦਾ ਹੈ ਜੋ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਸਹੀ ਹਨ।

OEB ਇੱਕ ਸੁਤੰਤਰ ਅਤੇ ਨਿਰਪੱਖ ਜਨਤਕ ਏਜੰਸੀ ਹੈ। ਅਸੀਂ ਅਜਿਹੇ ਨਿਰਣੈ ਲੈਂਦੇ ਹਾਂ ਜੋ ਜਨਹਿਤ ਲਈ ਲਾਭਕਾਰੀ ਹੁੰਦੇ ਹਨ। ਸਾਡਾ ਟੀਚਾ ਇੱਕ ਅਜਿਹੇ ਵਿੱਤੀ ਤੌਰ ਉੱਤੇ ਵਿਹਾਰਕ ਅਤੇ ਸਮਰੱਥ ਬਿਜਲੀ ਸੈਕਟਰ ਨੂੰ ਉੱਨਤ ਕਰਨਾ ਹੈ ਜੋ ਤੁਹਾਨੂੰ ਉਚਿਤ ਕੀਮਤ ਤੇ ਵਿਸ਼ਵਾਸ਼ਯੋਗ ਬਿਜਲੀ ਸੇਵਾਵਾਂ ਪ੍ਰਦਾਨ ਕਰੇ।

- ਅਸੀਂ ਸਾਡੀਆਂ ਪ੍ਰਕਿਰਿਆਵਾਂ ਨੂੰ ਪਾਰਦਰਸ਼ੀ ਅਤੇ ਜਨਤਕ ਭਾਗੀਦਾਰੀ ਲਈ ਵਿਸਤ੍ਰਿਤ ਬਣਾਉਂਦੇ ਹਾਂ।
- ਅਸੀਂ ਬਿਜਲੀ ਕੰਪਨੀਆਂ ਲਈ ਨਿਯਮ ਬਣਾਉਂਦੇ ਹਾਂ ਅਤੇ ਉਹਨਾਂ ਨੂੰ ਲਾਗੂ ਕਰਦੇ ਹਾਂ।
- ਅਸੀਂ ਬਿਜਲੀ ਕੰਪਨੀਆਂ ਨੂੰ ਲਾਈਸੈਂਸ ਦਿੰਦੇ ਹਾਂ (ਉਦਾਹਰਨ ਲਈ ਬਿਜਲੀ ਯੂਟੀਲਿਟੀਜ, ਟ੍ਰਾਂਸਮੀਟਰ ਅਤੇ ਜੈਨਰੇਟਰ ਅਤੇ ਬਿਜਲੀ ਪਰਚੂਨ ਵਿਕਰੇਤਾ (ਰਿਟੇਲਰ)।
- ਅਸੀਂ ਸ਼ਿਕਾਇਤਾਂ ਦੇ ਨਿਰਾਕਰਨ ਨੂੰ ਸੁਖਾਲਾ ਬਣਾਉਣ ਲਈ ਬਿਜਲੀ ਕੰਪਨੀਆਂ ਅਤੇ ਖਪਤਕਾਰਾਂ ਨਾਲ ਮਿਲਕੇ ਕੰਮ ਕਰਦੇ ਹਾਂ।
- ਅਸੀਂ ਬਿਜਲੀ/ਕੁਦਰਤੀ ਗੈਸ ਸਪਲਾਈ ਅਤੇ ਡਿਲੀਵਰੀ ਲਈ ਤੁਹਾਡੀ ਬਿਜਲੀ ਯੂਟੀਲਿਟੀ ਵੱਲੋਂ ਲਾਏ ਜਾਣ ਵਾਲੇ ਰੇਟ ਨਿਰਧਾਰਿਤ ਕਰਦੇ ਹਾਂ।

**ਇਹਨਾਂ ਬਾਰੇ ਹੋਰ ਜਾਣੋ:**

- ਇੱਕ ਬਿਜਲੀ ਖਪਤਕਾਰ ਦੇ ਤੌਰ ਤੇ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ ।
- ਤੁਸੀਂ ਬਿਜਲੀ ਅਤੇ ਕੁਦਰਤੀ ਗੈਸ ਲਈ ਕਿੰਨੀ ਕੀਮਤ ਅਦਾ ਕਰ ਰਹੇ ਹੋ।
- ਓਂਟਾਰਿਓ ਵਿੱਚ ਬਿਜਲੀ ਕੀਮਤਾਂ ਅਤੇ ਰੇਟ ਕਦੋਂ ਅਤੇ ਕਿਵੇਂ ਨਿਰਧਾਰਿਤ ਕੀਤੇ ਜਾਂਦੇ ਹਨ।

- ਸਮਾਰਟ ਮੀਟਰ ਅਤੇ ਟਾਈਮ-ਆਫ਼-ਯੂਜ (TOU) ਕੀਮਤਾਂ ਤੁਹਾਡੀ ਬਿਜਲੀ ਵਰਤੋਂ ਨੂੰ ਪ੍ਰਬੰਧਿਤ ਕਰਨ ਵਿੱਚ ਕਿਵੇਂ ਤੁਹਾਡੀ ਮਦਦ ਕਰ ਸਕਦੀਆਂ ਹਨ
- ਆਪਣੀ ਬਿਜਲੀ ਸਪਲਾਈ ਦੀ ਚੋਣ ਕਰਨਾ:

  » ਤੁਹਾਡੀ ਬਿਜਲੀ ਯੂਟੀਲਿਟੀ ਵੱਲੋਂ ਨਿਯੰਤ੍ਰਿਤ ਰੇਟ ਜਾਂ

  » ਕਿਸੇ ਬਿਜਲੀ ਪਰਚੂਨ ਵਿਕਰੇਤਾ ਵੱਲੋਂ ਪੇਸ਼ਕਸ਼ ਕੀਤੀ ਕੀਮਤ

## ਆਪਣੀ ਬਿਜਲੀ ਦੀ ਵਰਤੋਂ ਦੀ ਜ਼ਿੰਮੇਵਾਰੀ ਲਓ

ਆਪਣੀ ਬਿਜਲੀ ਦੀ ਕੁਝ ਵਰਤੋਂ ਨੂੰ ਉਸ ਸਮੇਂ ਵਿੱਚ ਤਬਦੀਲ ਕਰ ਦਿਓ ਜਦੋਂ ਬਿਜਲੀ ਦੀ ਕੀਮਤ ਘੱਟ ਹੋਵੇ।

ਓਂਟਾਰਿਓ ਵਿੱਚ ਘਰੇਲੂ ਅਤੇ ਛੋਟੀਆਂ ਵਪਾਰਕ ਇਕਾਈਆਂ ਬਿਜਲੀ ਲਈ ਟਾਈਮ-ਆਫ਼-ਯੂਜ ਕੀਮਤਾਂ ਅਦਾ ਕਰਦੀਆਂ ਹਨ। ਟਾਈਮ-ਆਫ਼-ਯੂਜ ਕੀਮਤਾਂ ਦਿਨ ਦੇ ਸਮੇਂ ਅਤੇ ਹਫਤੇ ਦੇ ਦਿਨ ਦੇ ਮੁਤਾਬਕ ਬਦਲਦੀਆਂ ਹਨ।

ਜਦੋਂ ਮੰਗ ਕਾਫੀ ਘੱਟ ਹੁੰਦੀ ਹੈ ਤਾਂ ਬਿਜਲੀ ਦੀਆਂ ਕੀਮਤਾਂ, ਕਈ ਮੋਬਾਈਲ ਯੋਜਨਾਵਾਂ ਵਾਂਗ ਹੀ, ਕਾਫੀ ਸਸਤੀਆਂ ਹੋ ਜਾਂਦੀਆਂ ਹਨ: ਸ਼ਾਮ ਨੂੰ, ਵੀਕਐਂਡ ਵਿੱਚ ਅਤੇ ਛੁੱਟੀਆਂ ਨੂੰ।

ਜਦੋਂ ਮੰਗ ਘੱਟ ਹੁੰਦੀ ਹੈ: ਕਾਫੀ ਘੱਟ ਲੋਕ ਬਿਜਲੀ ਦੀ ਵਰਤੋਂ ਕਰਦੇ ਹਨ ਅਤੇ ਖਪਤਕਾਰਾਂ ਨੂੰ ਘੱਟ ਕੀਮਤ ਅਦਾ ਕਰਨੀ ਪੈਂਦੀ ਹੈ। ਇਹ ਇਸ ਲਈ ਕਿ ਤੁਹਾਡੇ ਵਾਸਤੇ ਕਾਫੀ ਬਿਜਲੀ ਘੱਟ ਲਾਗਤ ਵਾਲੇ ਸ੍ਰੋਤਾਂ ਜਿਵੇਂ ਨਿਊਕਲੀਅਰ ਅਤੇ ਵੱਡੇ ਹਾਈਡ੍ਰੋਇਲੈਕਟ੍ਰਿਕ ਤੋਂ ਆਉਂਦੀ ਹੈ।

ਜਦੋਂ ਮੰਗ ਵੱਧਦੀ ਹੈ: ਜਿਓਂ ਹੀ ਕਾਰਜ ਦਿਨ ਸ਼ੁਰੂ ਹੁੰਦਾ ਹੈ, ਵੱਧ ਲੋਕ ਅਤੇ ਵਪਾਰਕ ਇਕਾਈਆਂ ਆਪਣੀਆਂ ਲਾਈਟਾਂ, ਬਿਜਲੀ ਦੇ ਸਾਧਨ ਅਤੇ ਉਪਕਰਨ ਚਾਲੂ ਕਰਦੇ ਹਨ। ਪ੍ਰਾਂਤ ਦੀ ਸਸਤੀ ਬਿਜਲੀ ਦੀ ਸਪਲਾਈ ਦੀ ਵਰਤੋਂ ਹੋ ਜਾਂਦੀ ਹੈ। ਇਹ ਵੱਧ ਮਹਿੰਗੇ ਸ੍ਰੋਤਾਂ ਵਿੱਚ ਬਦਲ ਜਾਂਦਾ ਹੈ।

- ਵਧੇਰੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ: [www.ontarioenergyboard.ca/OEB/Consumers](http://www.ontarioenergyboard.ca/OEB/Consumers)




## ਕੀ ਬਿਜਲੀ ਜਾਂ ਕੁਦਰਤੀ ਗੈਸ ਦੇ ਇਕਰਾਰਨਾਮੇ ਬਾਰੇ ਵਿਚਾਰ ਕਰ ਰਹੇ ਹੋ?

ਕੋਈ ਵੀ ਨਿਰਣੈ ਲੈਣ ਤੋਂ ਪਹਿਲਾਂ, ਆਪਣਾ ਸਮਾਂ ਲਓ ਅਤੇ ਸਹਿਜ ਮਹਿਸੂਸ ਕਰੋ। ਅੰਤਿਮ ਪਸੰਦ ਤੁਹਾਡੀ ਹੈ।

**ਇਕਰਾਰਨਾਮੇ ਤੇ ਹਸਤਾਖਰ ਕਰਨ ਤੋਂ ਪਹਿਲਾਂ ਤੁਹਾਨੂੰ ਕੀ ਜਾਣਕਾਰੀ ਹੋਣੀ ਚਾਹੀਦੀ ਹੈ:**

- OEB ਬਿਜਲੀ ਪਰਚੂਨ ਵਿਕਰੇਤਾਵਾਂ ਵੱਲੋਂ ਪੇਸ਼ਕਸ਼ ਕੀਤੀਆਂ ਕੀਮਤਾਂ ਨੂੰ ਨਿਯੰਤ੍ਰਿਤ ਨਹੀਂ ਕਰਦਾ।
- ਕੀਮਤਾਂ ਦੀ ਤੁਲਨਾ ਕਰੋ – ਦੇਖੋ ਕਿ ਤੁਹਾਡੀ ਬਿਜਲੀ ਯੂਟੀਲਿਟੀ ਜਾਂ ਦੂਜੀਆਂ ਕੰਪਨੀਆਂ ਕੀ ਪੇਸ਼ਕਸ਼ ਕਰ ਰਹੀਆਂ ਹਨ।
- ਇਕਰਾਰਨਾਮੇ ਤੇ ਹਸਤਾਖਰ ਕਰਨ ਲਈ ਕੋਈ ਦਬਾਅ ਮਹਿਸੂਸ ਨਾ ਕਰੋ।
- ਇਕਰਾਰਨਾਮਾ ਇੱਕ ਕਾਨੂੰਨੀ ਦਸਤਾਵੇਜ ਹੁੰਦਾ ਹੈ – ਤੁਹਾਡੇ ਕੋਲ ਆਪਣਾ ਵਿਚਾਰ ਬਦਲਣ ਲਈ ਥੋੜ੍ਹੇ ਜਿਹੇ ਸਮੇਂ ਦਾ ਮੌਕਾ ਹੈ, ਨਹੀਂ ਤਾਂ ਤੁਹਾਨੂੰ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਮੰਨਣ ਲਈ ਮਜ਼ਬੂਰ ਹੋਣਾ ਪੈ ਸਕਦਾ ਹੈ।
- ਵਿਕਰੀ ਏਜੰਟਾਂ ਨੇ ਕੰਪਨੀ ਦਾ ਪਛਾਣ ਪੱਤਰ ਜ਼ਰੂਰੀ ਪਾਇਆ ਹੋਣਾ ਚਾਹੀਦਾ ਹੈ
- ਜਦੋਂ ਤੱਕ ਤੁਸੀਂ ਇਕਰਾਰਨਾਮੇ ਤੇ ਹਸਤਾਖਰ ਕਰਨ ਲਈ ਰਜ਼ਾਮੰਦ ਨਹੀਂ ਹੁੰਦੇ ਤੁਹਾਨੂੰ ਆਪਣੇ ਬਿਲ ਦਿਖਾਉਣ ਦੀ ਕੋਈ ਲੋੜ ਨਹੀਂ
- ਬਿਜਲੀ ਯੂਟੀਲਿਟੀਜ ਜਾਂ ਬਿਜਲੀ ਪਰਚੂਨ ਵਿਕਰੇਤਾਵਾਂ ਦੇ ਸਾਰੇ ਦਸਤਾਵੇਜਾਂ ਅਤੇ ਸੰਪਰਕ ਨੰਬਰਾਂ ਨੂੰ ਸਾਂਭ ਕੇ ਰੱਖੋ।

**ਜਦੋਂ ਤੁਸੀਂ ਇਕਰਾਰਨਾਮੇ ਤੇ ਹਸਤਾਖਰ ਕਰ ਲਓ**:

1. ਤੁਹਾਨੂੰ ਇੱਕ ਕਾਪੀ ਮਿਲਣੀ ਚਾਹੀਦੀ ਹੈ।
2. ਜੇਕਰ ਤੁਸੀਂ ਆਪਣਾ ਵਿਚਾਰ ਬਦਲਦੇ ਹੋ, ਤਾਂ ਇਸਨੂੰ ਰੱਦ ਕਰਨ ਦੀ 10 ਦਿਨਾਂ ਦੀ ਇੱਕ ਨਿਸ਼ਚਿਤ ਮਿਆਦ ਹੁੰਦੀ ਹੈ।

3. ਤੁਹਾਨੂੰ ਤਸਦੀਕ ਕਰਨਾ ਪੈ ਸਕਦਾ ਹੈ ਕਿ ਤੁਸੀਂ ਇਕਰਾਰਨਾਮੇ ਨੂੰ ਜਾਰੀ ਰੱਖਣਾ ਚਾਹੁੰਦੇ ਹੋ। ਤਸਦੀਕ ਕਰਨ ਤੋਂ ਬਾਅਦ, ਜੇਕਰ ਤੁਸੀਂ ਇਕਰਾਰਨਾਮੇ ਦੀ ਮਿਆਦ ਸਮਾਪਤ ਹੋਣ ਤੋਂ ਪਹਿਲਾਂ ਇਸਨੂੰ ਰੱਦ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਫੀਸ ਅਦਾ ਕਰਨੀ ਪੈ ਸਕਦੀ ਹੈ।
4. ਇਕਰਾਰਨਾਮਿਆਂ ਦੇ ਨਵੀਕਰਨ ਜਾਂ ਸਮਾਂ ਵਧਾਉਣ ਦੇ ਤਰੀਕੇ ਵੱਖ-ਵੱਖ ਹੋ ਸਕਦੇ ਹਨ (ਉਦਾਹਰਨ ਲਈ ਲਿਖਤ ਰੂਪ ਵਿੱਚ, ਫੋਨ ਰਾਹੀਂ, ਇੰਟਰਨੈਟ ਤੇ ਜਾਂ ਸਵੈਚਾਲਤ ਰੂਪ ਨਾਲ)। ਵਧੇਰੇ ਜਾਣਕਾਰੀ ਲਈ ਆਪਣੇ ਪਰਚੂਨ ਵਿਕਰੇਤਾ ਜਾਂ OEB ਨਾਲ ਸੰਪਰਕ ਕਰੋ।

## ਓਂਟਾਰਿਓ ਐਨਰਜੀ ਬੋਰਡ ਜਾਣਕਾਰ ਖਪਤਕਾਰ ਬਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ

ਵਿਸ਼ਿਆਂ ਦੀ ਸ਼੍ਰੇਣੀ ਤੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:
www.ontarioenergyboard.ca/OEB/Consumers

ਸਾਡੇ ਖਪਤਕਾਰ ਸੇਵਾ ਕੇਂਦਰ (CONSUMER RELATIONS CENTRE) ਨੂੰ ਸੰਪਰਕ ਕਰੋ।
(ਇਹ ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਵੇਰ 8:30 ਤੋਂ ਸ਼ਾਮ 5 ਵਜੇ ਤੱਕ ਖੁਲ੍ਹਾ ਰਹਿੰਦਾ ਹੈ)
1-877-632-2727 (ਓਂਟਾਰਿਓ ਦੇ ਅੰਦਰ ਮੁਫਤ)
416-314-2455 (ਗ੍ਰੇਟਰ ਟੋਰੋਂਟੋ ਏਰੀਆ ਦੇ ਅੰਦਰ ਜਾਂ ਕੈਨੇਡਾ ਦੇ ਬਾਹਰ ਤੋਂ)
consumerrelations@ontarioenergyboard.ca

ਸਾਨੂੰ ਫਾਲੋ ਕਰੋ: @OntEnergyBoard

ਓਂਟਾਰਿਓ ਐਨਰਜੀ ਬੋਰਡ ਇੱਕ ਸੁਤੰਤਰ ਅਤੇ ਨਿਰਪੱਖ ਜਨਤਕ ਏਜੰਸੀ ਹੈ। ਅਸੀਂ ਅਜਿਹੇ ਨਿਰਣੈ ਲੈਂਦੇ ਹਾਂ ਜੋ ਜਨਹਿਤ ਲਈ ਲਾਭਕਾਰੀ ਹੁੰਦੇ ਹਨ। ਸਾਡਾ ਟੀਚਾ ਇੱਕ ਅਜਿਹੇ ਵਿੱਤੀ ਤੌਰ ਉੱਤੇ ਵਿਹਾਰਕ ਅਤੇ ਸਮਰੱਥ ਬਿਜਲੀ ਸੈਕਟਰ ਨੂੰ ਉੱਨਤ ਕਰਨਾ ਹੈ ਜੋ ਤੁਹਾਨੂੰ ਇੱਕ ਉਚਿਤ ਕੀਮਤ ਤੇ ਵਿਸ਼ਵਾਸ਼ਯੋਗ ਬਿਜਲੀ ਸੇਵਾਵਾਂ ਪ੍ਰਦਾਨ ਕਰੇ।

*Aussi disponible en français. ਇਹ ਸਮੱਗਰੀ ਦੂਜੀਆਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ। ਸਾਡੀ ਵੈਬਸਾਈਟ ਤੇ ਜਾਓ ਜਾਂ ਸਾਡੇ ਖਪਤਕਾਰ ਸੇਵਾ ਕੇਂਦਰ ਨੂੰ ਸੰਪਰਕ ਕਰੋ।*